NEED 24 NEWS

DIGITAL E-PAPER

हर खबर, हर शहर

PRGI APPLICATION UNDER PROCESS
Application No. T/GJ/2026/0619/2304/1577

GST
GSTIN 24CINPG0564Q1ZT

UDYAM REGISTERED
UDYAM-GJ-14-0003714

www.need24.digital
info@need24.in
+91 98700 06472
FOLLOW US:

तेज़ | सटीक | निष्पक्ष | जनहित में | सच की आवाज़ | जन-जन की आवाज़ | निडर पत्रकारिता




## ਕਾਂਗਰਸ ਸੇਵਾ ਦਲ ਦਾ ਵਿਸਥਾਰ: ਵਿਕਰਮਜੀਤ ਸਿੰਘ ਬਣੇ ਡੇਰਾਬੱਸੀ ਦੇ ਪ੍ਰਧਾਨ, ਗੁਰਦੀਪ ਸਿੰਘ ਨੂੰ ਸੌਂਪੀ ਮਹਾਸਚਿਵ ਦੀ ਕਮਾਨ



**ਕਾਂਗਰਸ ਸੇਵਾ ਦਲ ਦਾ ਵਿਸਥਾਰ: ਵਿਕਰਮਜੀਤ ਸਿੰਘ ਬਣੇ ਡੇਰਾਬੱਸੀ ਦੇ ਪ੍ਰਧਾਨ, ਗੁਰਦੀਪ ਸਿੰਘ ਨੂੰ ਸੌਂਪੀ ਮਹਾਸਚਿਵ ਦੀ ਕਮਾਨ**

**Gaurav Sharma।** ਕਾਂਗਰਸ ਸੇਵਾ ਦਲ ਦਾ ਵਿਸਥਾਰ: ਵਿਕਰਮਜੀਤ ਸਿੰਘ ਬਣੇ ਡੇਰਾਬੱਸੀ ਦੇ ਪ੍ਰਧਾਨ, ਗੁਰਦੀਪ ਸਿੰਘ ਨੂੰ ਸੌਂਪੀ ਮਹਾਸਚਿਵ ਦੀ ਕਮਾਨ ਡੇਰਾਬੱਸੀ ਡੇਰਾਬੱਸੀ ਵਿਧਾਨ ਸਭਾ ਹਲਕੇ ਵਿੱਚ ਕਾਂਗਰਸ ਪਾਰਟੀ ਦੇ ਸੰਗਠਨਾਤਮਕ ਢਾਂਚੇ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨ ਦੇ ਮਕਸਦ ਨਾਲ ਕਾਂਗਰਸ ਸੇਵਾ ਦਲ ਵੱਲੋਂ ਨਵੀਆਂ ਅਹਿਮ ਨਿਯੁਕਤੀਆਂ ਕੀਤੀਆਂ ਗਈਆਂ ਹਨ। ਜ਼ਿਲ੍ਹਾ ਐਸ.ਏ.ਐਸ. ਨਗਰ (ਮੋਹਾਲੀ) ਕਾਂਗਰਸ ਸੇਵਾ ਦਲ ਦੇ ਪ੍ਰਧਾਨ ਭੁਪਿੰਦਰ ਸ਼ਰਮਾ ਨੇ ਵਿਕਰਮਜੀਤ ਸਿੰਘ ਨੂੰ ਵਿਧਾਨ ਸਭਾ ਹਲਕਾ ਡੇਰਾਬੱਸੀ ਸੇਵਾ ਦਲ ਦਾ ਪ੍ਰਧਾਨ ਅਤੇ ਗੁਰਦੀਪ ਸਿੰਘ ਨੂੰ ਮਹਾਸਚਿਵ ਨਿਯੁਕਤ ਕਰਨ ਦਾ ਐਲਾਨ ਕੀਤਾ ਹੈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਹਾਜ਼ਰ ਪੰਜਾਬ ਕਾਂਗਰਸ ਦੇ ਬੁਲਾਰੇ ਅਮਿਤ ਬਾਵਾ ਸੈਣੀ ਅਤੇ ਸੀਨੀਅਰ ਕਾਂਗਰਸੀ ਆਗੂ ਕਾਕਾ ਸਿੰਘ ਸੈਦਪੁਰਾ ਸਮੇਤ ਹੋਰਨਾਂ ਆਗੂਆਂ ਨੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਨਿਯੁਕਤੀ ਪੱਤਰ ਸੌਂਪੇ ਅਤੇ ਵਧਾਈ ਦਿੱਤੀ...

## ਜੈ ਜਵਾਨ ਜੈ ਕਿਸਾਨ ਪਾਰਟੀ ਵੱਲੋਂ ਬਟਾਲਾ ਵਿਖੇ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦੇ ਪਵਿੱਤਰ ਵਿਆਹ ਪੁਰਬ ਮੌਕੇ ਵਧਾਈ ਸੰਦੇਸ਼ ਦਿੱਤਾ




**ਜੈ ਜਵਾਨ ਜੈ ਕਿਸਾਨ ਪਾਰਟੀ ਵੱਲੋਂ ਬਟਾਲਾ ਪਹੁੰਚਣ ਵਾਲੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ**

**Tarlok Singh।** ਜੈ ਜਵਾਨ ਜੈ ਕਿਸਾਨ ਪਾਰਟੀ ਦੇ ਪੰਜਾਬ ਪਰਧਾਨ ਮੇਜਰ ਰਮਨਪਾਲ ਸਿੰਘ ਮਲਹੋਤਰਾ ਅਤੇ ਰਾਸ਼ਟਰੀ ਪਰਧਾਨ ਬਲਜੀਤ ਸਿੰਘ ਔਲਖ ਵੱਲੋਂ ਬਟਾਲਾ ਸ਼ਹਿਰ ਚ ਮਨਾਏ ਜਾ ਰਹੇ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਮੌਕੇ ਸਮੁੱਚੀ ਪਾਰਟੀ ਤਰਫੋਂ ਸਮੂਹ ਸਾਧ ਸੰਗਤਾਂ ਨੂੰ ਲੱਖ ਲੱਖ ਵਧਾਈਆਂ ਦਾ ਸੰਦੇਸ਼ਾ ਭੇਜਿਆ ਗਿਆ ਹੈ।

### ਐੱਸ ਐੱਸ ਪੀ ਬਟਾਲਾ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਤੇ ਵਧਾਈ ਸੰਦੇਸ਼



**Tarlok Singh।** ਐਸ.ਐਸ.ਪੀ ਬਟਾਲਾ ਨੇ ਸਮੂਹ ਸੰਗਤਾਂ ਨੂੰ ਪਾਵਨ ਵਿਆਹ ਪੁਰਬ ਦੀ ਮੁਬਾਰਕਬਾਦ ਦਿੱਤੀ ਬਟਾਲਾ, 17 ਸਤੰਬਰ ( ) ਸ੍ਰੀ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਦੀ ਮੁਬਾਰਕਬਾਦ ਦਿੰਦਿਆਂ ਐਸ.ਐਸ.ਪੀ ਬਟਾਲਾ ਡਾ. ਮਹਿਤਾਬ ਸਿੰਘ ਨੇ ਕਿਹਾ ਕਿ ਵਿਆਹ ਪੁਰਬ ਸਮਾਗਮਾਂ ਸਬੰਧੀ ਬਟਾਲਾ ਪੁਲਿਸ ਵਲੋਂ ਸੰਗਤਾਂ ਦੀ ਸਹੂਲਤ ਲਈ ਆਵਾਜਾਈ ਤੇ ਸੁਰੱਖਿਆਂ ਲਈ ਸੁਚਾਰੂ ਢੰਗ ਨਾਲ ਪ੍ਰਬੰਧ ਕੀਤੇ ਗਏ ਹਨ। ਉਨਾਂ ਕਿਹਾ ਕਿ ਅਸੀ ਸਾਰੇ ਜਾਣੇ ਬਹੁਤ ਵਡਭਾਗੇ ਹਾਂ ਕਿ ਸਾਨੂੰ ਬਾਬਾ ਜੀ ਦੇ ਵਿਆਹ ਪੁਰਬ ਸਮਾਗਮ ਮਨਾਉਣ ਦੀ ਸੇਵਾ ਮਿਲੀ ਹੈ। ਉਨ੍ਹਾਂ ਕਿਹਾ ਕਿ ਦੇਸ਼-ਵਿਦੇਸ਼ ਵਿਚੋਂ ਆ ਰਹੀ ਸੰਗਤ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਆਵਾਜਾਈ ਦੀ ਸਹੂਲਤ ਲਈ ਟਰੈਫਿਕ ਪੁਲਿਸ ਵਲੋਂ ਪ੍ਰਬੰਧ ਕੀਤੇ ਗਏ ਹਨ ਅਤੇ ਸੰਗਤਾਂ ਦੇ ਸਹਿਯੋਗ ਨਾਲ ਵਿਆਹ ਪੁਰਬ ਸਮਾਗਮ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹੇ ਜਾਣਗੇ। ਉਨਾਂ ਨੌਜਵਾਨਾਂ ਨੂੰ ਅਪੀਲ ਕੀ...

### ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਮੌਕੇ ਅੱਜ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਤੋਂ ਸਜਾਏ ਨਗਰ ਕੀਰਤਨ ਦਾ ਹਲਕਾ ਸ਼੍ਰੀ ਹਰਗੋਬਿੰਦਪੁਰ ਸਾਹਿਬ ਨੇੜੇ ਅੱਡਾ ਆਦੋਵਾਲੀ, ਪਹੁੰਚਣ 'ਤੇ ਭਰਵਾਂ ਸਵਾਗਤ ਕੀਤਾ ਗਿਆ



**Tarlok Singh।** ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਮੌਕੇ ਅੱਜ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਤੋਂ ਸਜਾਏ ਨਗਰ ਕੀਰਤਨ ਦਾ ਹਲਕਾ ਸ਼੍ਰੀ ਹਰਗੋਬਿੰਦਪੁਰ ਸਾਹਿਬ ਨੇੜੇ ਅੱਡਾ ਆਦੋਵਾਲੀ, ਪਹੁੰਚਣ 'ਤੇ ਭਰਵਾਂ ਸਵਾਗਤ ਕੀਤਾ ਗਿਆ ਅਤੇ ਗੁਰੂ ਸਾਹਿਬ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ. Aam Aadmi Party - Punjab #AAPPunjab #SriHargobindpurSahib #BalwinderSinghLaddi

### ਪਟਿਆਲਾ ਵਿੱਚ 40 ਮਜ਼ਦੂਰਾਂ ਦੀ ਡੇਢ ਮਹੀਨੇ ਦੀ ਤਨਖਾਹ ਬਕਾਇਆ, ਅਕਾਂਸ਼ਾ ਐਂਟਰਪ੍ਰਾਈਜ਼ 'ਤੇ ਦੋਸ਼

**Akshay Kumar, Patiala।** ਪਟਿਆਲਾ: ਨਗਰ ਨਿਗਮ, ਪਟਿਆਲਾ ਨਾਲ ਜੁੜੇ ਕੰਮ ਵਿੱਚ ਕੰਮ ਕਰਨ ਵਾਲੇ ਲਗਭਗ 40 ਮਜ਼ਦੂਰਾਂ ਨੇ ਅਕਾਂਸ਼ਾ ਐਂਟਰਪ੍ਰਾਈਜ਼ 'ਤੇ ਲਗਭਗ ਡੇਢ ਮਹੀਨੇ ਦੀ ਮਜ਼ਦੂਰੀ ਬਕਾਇਆ ਹੋਣ ਦਾ ਦੋਸ਼ ਲਾਇਆ ਹੈ। ਮਜ਼ਦੂਰਾਂ ਅਨੁਸਾਰ, ਉਨ੍ਹਾਂ ਨੇ ਲਗਭਗ 40 ਦਿਨ ਕੰਮ ਕੀਤਾ, ਪਰ ਉਨ੍ਹਾਂ ਨੂੰ ਪੂਰੀ ਮਜ਼ਦੂਰੀ ਦਾ ਭੁਗਤਾਨ ਨਹੀਂ ਮਿਲਿਆ। ਮਜ਼ਦੂਰਾਂ ਮੁਤਾਬਕ ਉਨ੍ਹਾਂ ਦੀ ਮਾਸਿਕ ਤਨਖਾਹ ਲਗਭਗ ₹15,000 ਪ੍ਰਤੀ ਮਜ਼ਦੂਰ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਤਨਖਾਹ ਲੰਬਿਤ ਹੋਣ ਕਾਰਨ ਉਨ੍ਹਾਂ ਨੂੰ ਆਰਥਿਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਜ਼ਦੂਰਾਂ ਨੇ ਅਕਾਂਸ਼ਾ ਐਂਟਰਪ੍ਰਾਈਜ਼ ਤੋਂ ਬਕਾਇਆ ਤਨਖਾਹ ਦਾ ਪੂਰਾ ਹਿਸਾਬ ਦੇਣ ਅਤੇ ਜਲਦ ਭੁਗਤਾਨ ਕਰਨ ਦੀ ਮੰਗ ਕੀਤੀ ਹੈ। ਮਜ਼ਦੂਰਾਂ ਦਾ ਕਹਿਣਾ ਹੈ ਕਿ ਜੇਕਰ ਕਿਸੇ ਤਰ੍ਹਾਂ ਦੀ ਕਟੌਤੀ ਜਾਂ ਭੁਗਤਾਨ ਵਿੱਚ ਦੇਰੀ ਦਾ ਕਾਰਨ ਹੈ, ਤਾਂ ਕੰਪਨੀ ਵੱਲੋਂ ਉਸ ਦਾ ਸਪਸ਼ਟ ਵੇਰਵਾ ਦਿੱਤਾ ਜਾਣਾ ਚਾਹੀਦਾ...

### ਡੇਰਾਬਾਸੀ ਦੇ ਮਾਹੀਵਾਲਾ ਬੀੜ 'ਚੋਂ ਮਿਲੀ ਮੋਮੋਜ਼ ਵਿਕਰੇਤਾ ਦੀ ਲਾਸ਼; ਪੁਲਿਸ ਵੱਲੋਂ ਮਾਮਲੇ ਦੀ ਡੂੰਘਾਈ ਨਾਲ ਪੜਤਾਲ ਸ਼ੁਰੂ

**Gaurav Sharma।** ਡੇਰਾਬਾਸੀ ਦੇ ਮਾਹੀਵਾਲਾ ਬੀੜ 'ਚੋਂ ਮਿਲੀ ਮੋਮੋਜ਼ ਵਿਕਰੇਤਾ ਦੀ ਲਾਸ਼; ਪੁਲਿਸ ਵੱਲੋਂ ਮਾਮਲੇ ਦੀ ਡੂੰਘਾਈ ਨਾਲ ਪੜਤਾਲ ਸ਼ੁਰੂ ਡੇਰਾਬੱਸੀ, (ਗੌਰਵ ਸ਼ਰਮਾ) ਡੇਰਾਬੱਸੀ ਅਧੀਨ ਪੈਂਦੇ ਪਿੰਡ ਮਾਹੀਵਾਲਾ ਨੇੜੇ ਸਥਿਤ ਇੱਕ ਬੀੜ (ਜੰਗਲੀ ਖੇਤਰ) ਵਿੱਚ ਬੁੱਧਵਾਰ ਦੁਪਹਿਰ ਉਸ ਸਮੇਂ ਸਨਸਨੀ ਫੈਲ ਗਈ, ਜਦੋਂ ਇੱਕ ਨੌਜਵਾਨ ਦੀ ਲਾਸ਼ ਦਰੱਖਤ ਨਾਲ ਲਟਕਦੀ ਮਿਲੀ। ਸਥਾਨਕ ਲੋਕਾਂ ਵੱਲੋਂ ਸੂਚਨਾ ਦਿੱਤੇ ਜਾਣ ਤੋਂ ਤੁਰੰਤ ਬਾਅਦ ਪੁਲਿਸ ਟੀਮ ਮੌਕੇ 'ਤੇ ਪਹੁੰਚੀ ਅਤੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਕਾਰਵਾਈ ਸ਼ੁਰੂ ਕਰ ਦਿੱਤੀ। ਲਾਸ਼ ਮਿਲਣ ਦੀ ਖ਼ਬਰ ਫੈਲਦਿਆਂ ਹੀ ਘਟਨਾ ਸਥਾਨ 'ਤੇ ਆਸ-ਪਾਸ ਦੇ ਪਿੰਡ ਵਾਸੀਆਂ ਦੀ ਭਾਰੀ ਭੀੜ ਇਕੱਠੀ ਹੋ ਗਈ। ਮ੍ਰਿਤਕ ਦੀ ਪਛਾਣ ਅਭਿਸ਼ੇਕ ਕੁਮਾਰ ਵਜੋਂ ਹੋਈ ਹੈ, ਜੋ ਮੌਜੂਦਾ ਸਮੇਂ ਡੇਰਾਬੱਸੀ ਦੇ ਗੁਲਾਬਗੜ੍ਹ ਰੋਡ ਇਲਾਕੇ ਵਿੱਚ ਰਹਿ ਰਿਹਾ ਸੀ। ਮੁੱਢਲੀ ਜਾਂਚ ਮੁਤਾਬਕ ਅਭਿਸ਼ੇਕ ਮੂਲ ਰੂਪ ਵਿੱਚ ਨੇਪਾਲ...




## ਡੇਰਾਬੱਸੀ 6 ਹਥਿਆਰਬੰਦ ਬਦਮਾਸ਼ਾਂ ਨੇ 3 ਘਰਾਂ ਦੇ ਤਾਲੇ ਤੋੜੇ



**Gaurav Sharma।** ਡੇਰਾਬੱਸੀ 6 ਹਥਿਆਰਬੰਦ ਬਦਮਾਸ਼ਾਂ ਨੇ 3 ਘਰਾਂ ਦੇ ਤਾਲੇ ਤੋੜੇ; ਸਮਾਨ ਫਰੋਲਿਆ ਪਰ ਰਹੇ ਖਾਲੀ ਹੱਥ, CCTV 'ਚ ਡੰਡੇ-ਤਲਵਾਰਾਂ ਲੈ ਕੇ ਘੁੰਮਦੇ ਕੈਦ ਡੇਰਾਬੱਸੀ ਡੇਰਾਬੱਸੀ ਦੇ ਨੇੜਲੇ ਪਿੰਡ ਜਨੇਤਪੁਰ ਵਿੱਚ ਦੇਰ ਰਾਤ 4 ਤੋਂ 6 ਹਥਿਆਰਬੰਦ ਸ਼ੱਕੀ ਨੌਜਵਾਨਾਂ ਵੱਲੋਂ ਤਿੰਨ ਵੱਖ-ਵੱਖ ਘਰਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਚੋਰੀ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਹ ਸ਼ੱਕੀ ਗਿਰੋਹ ਹੱਥਾਂ ਵਿੱਚ ਡੰਡੇ ਅਤੇ ਤਲਵਾਰਾਂ ਲੈ ਕੇ ਪਿੰਡ ਦੀਆਂ ਗਲੀਆਂ ਵਿੱਚ ਘੁੰਮਦਾ ਹੋਇਆ ਸੀਸੀਟੀਵੀ (CCTV) ਕੈਮਰਿਆਂ ਵਿੱਚ ਕੈਦ ਹੋ ਗਿਆ ਹੈ। ਇਸ ਖੌਫਨਾਕ ਵਾਰਦਾਤ ਤੋਂ ਬਾਅਦ ਪੂਰੇ ਪਿੰਡ ਵਿੱਚ ਡਰ ਅਤੇ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ। ਛੱਤ 'ਤੇ ਸੌਂਦਾ ਰਿਹਾ ਪਰਿਵਾਰ, ਹੇਠਾਂ ਤਾਲਾ ਤੋੜ ਕੇ ਖੰਗਾਲੀ ਅਲਮਾਰੀ ਪੀੜਤ ਮਕਾਨ ਮਾਲਕ ਅਮਰਜੀਤ ਨੇ ਦੱਸਿਆ ਕਿ ਸਵੇਰੇ ਕਰੀਬ 4 ਵਜੇ ਉਨ੍ਹਾਂ ਦੇ ਬੇਟੇ ਨੇ ਉਨ੍ਹਾਂ ਦੇ ਬੰਦ ਪਏ ਮਕਾਨ ਦੀ ਲਾਈਟ ਜਗਦੀ ਦੇ...

## ਮੰਡੀ ਗੋਬਿੰਦਗੜ੍ਹ ਸਿਵਲ ਹਸਪਤਾਲ ਦੇ ਬਾਹਰ ਗੰਦਕ ਪਾਣੀ ਖੜਾ



**Manpreet Singh।** ਪੰਜਾਬ ਦੇ ਮੰਡੀ ਗੋਬਿੰਦਗੜ੍ਹ ਵਿੱਚ ਸਿਵਲ ਹਸਪਤਾਲ ਦੇ ਬਾਹਰ ਗੰਦਕ ਪਾਣੀ ਖੜਾ ਹੋਇਆ ਦੇਖਿਆ ਗਿਆ। ਇਹ ਗੰਦਕ ਪਾਣੀ ਹਸਪਤਾਲ ਦੇ ਮਰੀਜ਼ਾਂ ਅਤੇ ਕਰਮਚਾਰੀਆਂ ਲਈ ਸੰਭਾਵਿਤ ਸਿਹਤ ਖਤਰਾ ਪੈਦਾ ਕਰ ਸਕਦਾ ਹੈ। ਸਥਾਨਕ ਅਧਿਕਾਰੀਆਂ ਨੂੰ ਤੁਰੰਤ ਕਾਰਵਾਈ ਕਰਕੇ ਇਸ ਦੀ ਸਫਾਈ ਅਤੇ ਨਿਕਾਸੀ ਦੀ ਵਿਵਸਥਾ ਕਰਨ ਦੀ ਲੋੜ ਹੈ।




## ਡੇਰਾਬਾਸੀ ਚ ਬਿਜਲੀ-ਪਾਣੀ ਸੰਕਟ ਖ਼ਿਲਾਫ਼ ਅਕਾਲੀ ਦਲ ਦਾ ਪ੍ਰਦਰਸ਼ਨ;



मोहाली में बिजली संकट पर अकाली दल का प्रदर्शन: सरकार के खिलाफ नारेबाजी, बोले- बिजली व पानी की किल्लत से किसान से उद्योगपति तक परेशान

मोहाली | 4 घंटे पहले

शेयर

धरना देते अकाली दल के कार्यकर्ता

पंजाब में लगातार लग रहे लंबे अघोषित बिजली कटों और चरमराई जलापूर्ति के विरोध में शिरोमणि अकाली दल ने मोर्चा खोल दिया है। प्रदर्शन के दौरान पार्टी के वरिष्ठ नेता और पूर्व विधायक एन.के. शर्मा ने राज्य सरकार पर तीखे हमले करते हुए कहा कि किसान, व्यापारी, उद्योगपति, कर्मचारी और आम नागरिक इस बदहाल व्यवस्था से पूरी तरह त्रस्त हो चुके हैं।

### ਡੇਰਾਬਾਸੀ ਚ ਬਿਜਲੀ-ਪਾਣੀ ਸੰਕਟ ਖ਼ਿਲਾਫ਼ ਅਕਾਲੀ ਦਲ ਦਾ ਪ੍ਰਦਰਸ਼ਨ;

**Gaurav Sharma।** ਡੇਰਾਬਾਸੀ ਚ ਬਿਜਲੀ-ਪਾਣੀ ਸੰਕਟ ਖ਼ਿਲਾਫ਼ ਅਕਾਲੀ ਦਲ ਦਾ ਪ੍ਰਦਰਸ਼ਨ; ਐੱਨ.ਕੇ. ਸ਼ਰਮਾ ਬੋਲੇ— ਸਰਕਾਰ ਦੀ ਨਾਕਾਮੀ ਕਾਰਨ ਹਰ ਵਰਗ ਪ੍ਰੇਸ਼ਾਨ ਡੇਰਾਬਾਸੀ (ਗੌਰਵ ਸ਼ਰਮਾ) ਪੰਜਾਬ ਵਿੱਚ ਲਗਾਤਾਰ ਲੱਗ ਰਹੇ ਲੰਮੇ ਅਣ-ਐਲਾਨੇ ਬਿਜਲੀ ਕੱਟਾਂ ਅਤੇ ਵਿਗੜੀ ਜਲ ਸਪਲਾਈ ਦੇ ਵਿਰੋਧ ਵਿੱਚ ਸ਼੍ਰੋਮਣੀ ਅਕਾਲੀ ਦਲ ਨੇ ਸੂਬਾ ਸਰਕਾਰ ਖ਼ਿਲਾਫ਼ ਮੋਰਚਾ ਖੋਲ੍ਹਦਿਆਂ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ। ਧਰਨੇ ਦੌਰਾਨ ਵਰਕਰਾਂ ਨੇ ਸਰਕਾਰ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ। ਪ੍ਰਦਰਸ਼ਨ ਦੀ ਅਗਵਾਈ ਕਰਦਿਆਂ ਪਾਰਟੀ ਦੇ ਸੀਨੀਅਰ ਆਗੂ ਅਤੇ ਸਾਬਕਾ ਵਿਧਾਇਕ ਐੱਨ.ਕੇ. ਸ਼ਰਮਾ ਨੇ ਕਿਹਾ ਕਿ ਅੱਜ ਬਿਜਲੀ ਤੇ ਪਾਣੀ ਦੀ ਕਿੱਲਤ ਕਾਰਨ ਕਿਸਾਨ, ਵਪਾਰੀ, ਉਦਯੋਗਪਤੀ, ਮੁਲਾਜ਼ਮ ਅਤੇ ਆਮ ਸ਼ਹਿਰੀ ਪੂਰੀ ਤਰ੍ਹਾਂ ਬੇਹਾਲ ਹੋ ਚੁੱਕੇ ਹਨ। ਅਕਾਲੀ ਸਰਕਾਰ ਵੇਲੇ ਸਰਪਲੱਸ ਸੀ ਬਿਜਲੀ ਐੱਨ.ਕੇ. ਸ਼ਰਮਾ ਨੇ ਪਿਛਲੀ ਅਕਾਲੀ ਸਰਕਾਰ ਦੇ ਕਾਰਜਕਾਲ ਦਾ ਜ਼ਿਕਰ ਕ...

## ਮੁਬਾਰਿਕਪੁਰ ਪੁਲਿਸ ਵੱਲੋਂ 3 ਕਿੱਲੋ ਅਫ਼ੀਮ ਸਮੇਤ ਤਿੰਨ ਕਾਬੂ; ਅਦਾਲਤ ਨੇ 3 ਦਿਨਾਂ ਦੇ ਪੁਲਿਸ ਰਿਮਾਂਡ 'ਤੇ ਭੇਜਿਆ



**Gaurav Sharma।** ਮੁਬਾਰਿਕਪੁਰ ਪੁਲਿਸ ਵੱਲੋਂ 3 ਕਿੱਲੋ ਅਫ਼ੀਮ ਸਮੇਤ ਤਿੰਨ ਕਾਬੂ; ਅਦਾਲਤ ਨੇ 3 ਦਿਨਾਂ ਦੇ ਪੁਲਿਸ ਰਿਮਾਂਡ 'ਤੇ ਭੇਜਿਆ ਡੇਰਾਬੱਸੀ ਡੇਰਾਬੱਸੀ ਤਿੰਨ ਕਿੱਲੋ ਅਫ਼ੀਮ ਸਮੇਤ ਕਾਬੂ ਕੀਤੇ ਤਿੰਨ ਮੁਲਜ਼ਮ ਪੁਲਿਸ ਪਾਰਟੀ ਨਾਲ। ਮੁਬਾਰਿਕਪੁਰ ਪੁਲਿਸ ਨੇ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਲੱਖਾਂ ਰੁਪਏ ਦੀ ਤਿੰਨ ਕਿੱਲੋ ਅਫ਼ੀਮ ਬਰਾਮਦ ਕੀਤੀ ਹੈ। ਇਹ ਅਫ਼ੀਮ ਝਾਰਖੰਡ ਤੋਂ ਲਿਆ ਕੇ ਪੰਚਕੂਲਾ ਅਤੇ ਜ਼ੀਰਕਪੁਰ ਦੇ ਆਸ-ਪਾਸ ਦੇ ਖੇਤਰਾਂ ਵਿੱਚ ਸਪਲਾਈ ਕੀਤੀ ਜਾਣੀ ਸੀ, ਪਰ ਇਸ ਤੋਂ ਪਹਿਲਾਂ ਹੀ ਮੁਲਜ਼ਮ ਪੁਲਿਸ ਦੇ ਅੜਿੱਕੇ ਚੜ੍ਹ ਗਏ। ਮੁਲਜ਼ਮਾਂ ਨੂੰ ਡੇਰਾਬੱਸੀ ਅਦਾਲਤ ਵਿੱਚ ਪੇਸ਼ ਕਰਨ 'ਤੇ ਤਿੰਨ ਦਿਨਾਂ ਦਾ ਪੁਲਿਸ ਰਿਮਾਂਡ ਹਾਸਲ ਹੋਇਆ ਹੈ। ਜਾਣਕਾਰੀ ਦਿੰਦਿਆਂ ਮੁਬਾਰਿਕਪੁਰ ਪੁਲਿਸ ਚੌਕੀ ਦੇ ਇੰਚਾਰਜ ਐਸ.ਆਈ. ਕੁਲਵੰਤ ਸਿੰਘ ਨੇ ਦੱਸਿਆ ਕਿ ਚੌਕੀ ਦੇ ਬਾਹਰ ਪੁਲਿਸ ਵੱਲੋਂ ਨਾਕਾਬੰਦੀ ਕੀਤੀ ਗਈ...

## 12 ਦਿਨਾਂ ਤੋਂ ਸ਼ੱਕੀ ਹਾਲਾਤਾਂ ਵਿੱਚ ਲਾਪਤਾ ਹੈ 35 ਸਾਲਾ ਹੈਲਪਰ ਜੁਨੈਦ ਤੀਜੇ ਦਿਨ ਆਈ ਕਲਿੱਪ ਨੇ ਵਧਾਈ ਪਰਿਵਾਰ ਦੀ ਚਿੰਤਾ, ਬੰਧਕ ਬਣਾਏ ਜਾਣ ਦਾ ਖ਼ਦਸ਼ਾ



**Gaurav Sharma।** 12 ਦਿਨਾਂ ਤੋਂ ਸ਼ੱਕੀ ਹਾਲਾਤਾਂ ਵਿੱਚ ਲਾਪਤਾ ਹੈ 35 ਸਾਲਾ ਹੈਲਪਰ ਜੁਨੈਦ ਤੀਜੇ ਦਿਨ ਆਈ ਕਲਿੱਪ ਨੇ ਵਧਾਈ ਪਰਿਵਾਰ ਦੀ ਚਿੰਤਾ, ਬੰਧਕ ਬਣਾਏ ਜਾਣ ਦਾ ਖ਼ਦਸ਼ਾ ਪਰਿਵਾਰਕ ਮੈਂਬਰਾਂ ਨੇ ਪੁਲਿਸ 'ਤੇ ਢਿੱਲੀ ਕਾਰਗੁਜ਼ਾਰੀ ਦੇ ਲਗਾਏ ਦੋਸ਼ ਡੇਰਾਬੱਸੀ ( ਲਾਪਤਾ ਜੁਨੈਦ ਦੇ ਫ਼ੋਨ ਤੋਂ ਤੀਜੇ ਦਿਨ ਰਿਸ਼ਤੇਦਾਰਾਂ ਨੂੰ ਭੇਜੀ ਗਈ ਇੱਕ ਸੈਕਿੰਡ ਦੀ ਕਲਿੱਪ) ਬਰਵਾਲਾ ਰੋਡ ਸਥਿਤ ਭਗਵਾਨਪੁਰ ਦਾ ਰਹਿਣ ਵਾਲਾ 35 ਸਾਲਾ ਜੁਨੈਦ ਪਿਛਲੇ 12 ਦਿਨਾਂ ਤੋਂ ਸ਼ੱਕੀ ਹਾਲਾਤਾਂ ਵਿੱਚ ਲਾਪਤਾ ਹੈ। ਲਾਪਤਾ ਹੋਣ ਤੋਂ ਤਿੰਨ ਦਿਨ ਬਾਅਦ ਉਸ ਦੇ ਬੰਦ ਫ਼ੋਨ ਤੋਂ ਆਈ ਇੱਕ ਸੈਕਿੰਡ ਦੀ ਵੀਡੀਓ ਕਲਿੱਪ ਨੇ ਪਰਿਵਾਰ ਦੀ ਚਿੰਤਾ ਹੋਰ ਵਧਾ ਦਿੱਤੀ ਹੈ। ਡੇਰਾਬੱਸੀ ਪੁਲਿਸ ਕੋਲ ਗੁੰਮਸ਼ੁਦਗੀ ਦੀ ਰਿਪੋਰਟ ਦਰਜ ਕਰਵਾਏ 11 ਦਿਨ ਬੀਤ ਜਾਣ ਦੇ ਬਾਵਜੂਦ ਪੁਲਿਸ ਅਜੇ ਤੱਕ ਲਾਪਤਾ ਜੁਨੈਦ ਦਾ ਕੋਈ ਸੁਰਾਗ ਨਹੀਂ ਲਗਾ ਸਕੀ, ਜਦਕਿ ਪਰਿਵਾਰਕ ਮੈਂਬਰਾਂ ਦਾ ਦੋਸ਼ ਹੈ...

## □ ਮਾਲੇਰਕੋਟਲਾ ਬੱਸ ਸਟੈਂਡ ਰੋਡ 'ਤੇ ਪੁਲਿਸ ਦੀ ਵੱਡੀ ਕਾਰਵਾਈ, ਨਾਜਾਇਜ਼ ਕਬਜ਼ੇ ਕਰਵਾਏ ਖਾਲੀ ਨਜਾਇਜ਼ ਕਬਜ਼ੇ ਦੇ ਖਿਲਾਫ ਪੁਲਿਸ ਦਾ ਐਕਸ਼ਨ, ਰਾਹਗੀਰਾਂ ਅਤੇ ਵਾਹਨ ਚਾਲਕਾਂ ਨੂੰ ਮਿਲੇਗੀ ਰਾਹਤ!



**Kimmy Arora।** ਰਾਹਗੀਰਾਂ ਅਤੇ ਵਾਹਨ ਚਾਲਕਾਂ ਨੂੰ ਮਿਲੇਗੀ ਰਾਹਤ! ਮਾਲੇਰਕੋਟਲਾ। ਸ਼ਹਿਰ ਦੇ ਰੁਝੇਵੇਂ ਵਾਲੇ ਬੱਸ ਸਟੈਂਡ ਰੋਡ 'ਤੇ ਪੁਲਿਸ ਵੱਲੋਂ ਨਾਜਾਇਜ਼ ਕਬਜ਼ਿਆਂ ਦੇ ਖਿਲਾਫ ਕਾਰਵਾਈ ਕਰਦੇ ਹੋਏ ਸੜਕ ਕਿਨਾਰੇ ਕੀਤੇ ਗਏ ਨਜਾਇਜ਼ ਕਬਜ਼ਿਆਂ ਨੂੰ ਖਾਲੀ ਕਰਵਾਇਆ ਗਿਆ। ਪੁਲਿਸ ਦੀ ਇਸ ਕਾਰਵਾਈ ਨਾਲ ਸੜਕ 'ਤੇ ਆਵਾਜਾਈ ਨੂੰ ਸੁਚਾਰੂ ਬਣਾਉਣ ਅਤੇ ਆਮ ਲੋਕਾਂ ਨੂੰ ਰਾਹਤ ਦੇਣ ਦਾ ਯਤਨ ਕੀਤਾ ਗਿਆ। ਬੱਸ ਸਟੈਂਡ ਰੋਡ 'ਤੇ ਅਕਸਰ ਭੀੜ ਅਤੇ ਆਵਾਜਾਈ ਦੀ ਸਮੱਸਿਆ ਦੇਖਣ ਨੂੰ ਮਿਲਦੀ ਹੈ। ਅਜਿਹੇ ਵਿੱਚ ਪੁਲਿਸ ਦੀ ਕਾਰਵਾਈ ਤੋਂ ਬਾਅਦ ਲੋਕਾਂ ਨੂੰ ਉਮੀਦ ਹੈ ਕਿ ਸੜਕ 'ਤੇ ਦੁਬਾਰਾ ਨਜਾਇਜ਼ ਕਬਜ਼ੇ ਨਹੀਂ ਹੋਣ ਦਿੱਤੇ ਜਾਣਗੇ।

## ਬਟਾਲਾ ਵਿੱਚ 17-18 ਸਤੰਬਰ ਨੂੰ ਸਫਾਈ ਮੁਹਿੰਮ, ਸਰਦਾਰ ਬਲਦੇਵ ਸਿੰਘ ਬਾਜਵਾ ਨੇ ਆਮੰਤ੍ਰਿਤ ਕੀਤਾ

**Tarlok Singh।** ਸਰਦਾਰ ਬਲਦੇਵ ਸਿੰਘ ਬਾਜਵਾ, ਸੁਪਰਇਨਟੈਂਡਿੰਗ ਇੰਜੀਨੀਅਰ, ਮੰਡੀ ਬੋਰਡ ਪੰਜਾਬ, ਨੇ ਬਟਾਲਾ ਦੀਆਂ ਮੁੱਖ ਖਬਰਾਂ ਵਿੱਚ ਐਲਾਨ ਕੀਤਾ ਕਿ ਹਰ ਸਾਲ ਦੀ ਤਰਾਂ ਇਸ ਵਾਰ ਵੀ ਸਫਾਈ ਸੇਵਕਾਂ ਵੱਲੋਂ ਮੁਹਿੰਮ ਚਲਾਈ ਜਾ ਰਹੀ ਹੈ। ਇਹ ਮੁਹਿੰਮ 17 ਸਤੰਬਰ ਨੂੰ ਦੁਪਹਿਰ 1 ਵਜੇ ਭਾਈ ਸੁੱਖਾ ਸਿੰਘ ਮਹਿਤਾਬ ਸਿੰਘ ਚੌਂਕ ਤੋਂ ਸ਼ੁਰੂ ਹੋਵੇਗੀ ਅਤੇ 18 ਸਤੰਬਰ ਨੂੰ ਸਵੇਰੇ 9 ਵਜੇ ਲਵ ਕੁਸ਼ ਚੌਂਕ ਤੋਂ ਪਾਲਕੀ ਸਾਹਿਬ ਦੇ ਪਿੱਛੇ ਪਿੱਛੇ ਚੱਲੇਗੀ। ਮੁਹਿੰਮ ਦਾ ਉਦੇਸ਼ ਗੁਰੂ ਨਾਨਕ ਪਾਤਸ਼ਾਹ ਦੇ ਘਰ ਦੀਆਂ ਖੁਸ਼ੀਆਂ ਨੂੰ ਵਧਾਉਣਾ ਅਤੇ ਸ਼ਹਿਰ ਦੀ ਸਫਾਈ ਨੂੰ ਯਕੀਨੀ ਬਣਾਉਣਾ ਹੈ, ਇਸ ਲਈ ਨਾਗਰਿਕਾਂ ਨੂੰ ਵੱਧ ਤੋਂ ਵੱਧ ਸੇਵਾ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ। ਸਫਾਈ ਸੇਵਕਾਂ ਦੀ ਟੀਮ ਨੇ ਪਹਿਲਾਂ ਹੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ ਅਤੇ ਸਥਾਨਕ ਅਧਿਕਾਰੀਆਂ ਨੇ ਇਸ ਮੁਹਿੰਮ ਲਈ ਲੋੜੀਂਦੇ ਸਾਧਨ ਮੁਹੱਈਆ ਕਰਵਾਏ ਹਨ।

## ਮਹਾਂ-ਸਫਾਈ ਅਭਿਆਨ’ ਤਹਿਤ ਮਾਲੇਰਕੋਟਲਾ ਦੀਆਂ ਸੜਕਾਂ ਨੂੰ ਮਿਲੀ ਸਵੱਛਤਾ ਦੀ ਨਵੀਂ ਛੋਹ

**Kimmy Arora।** ਮਾਲੇਰਕੋਟਲਾ, 19 ਸਤੰਬਰ - ਕਿੰਮੀ ਅਰੋੜਾ ਸ਼ਹਿਰੀ ਖੇਤਰਾਂ ਵਿੱਚ ਸਵੱਛਤਾ ਨੂੰ ਜਨ-ਅੰਦੋਲਨ ਦਾ ਰੂਪ ਦੇਣ ਲਈ ਚਲਾਏ ਜਾ ਰਹੇ ‘ਮਹਾਂ-ਸਫਾਈ ਅਭਿਆਨ’ ਅਤੇ ‘ਸਵੱਛਤਾ ਹੀ ਸੇਵਾ’ ਮੁਹਿੰਮ ਤਹਿਤ ਕਾਰਜ ਸਾਧਕ ਅਫ਼ਸਰ ਚੰਦਰ ਪ੍ਰਕਾਸ਼ ਵਧਵਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਨਗਰ ਕੌਂਸਲ ਮਾਲੇਰਕੋਟਲਾ ਵੱਲੋਂ ਸ਼ਹਿਰ ਦੇ ਅਹਿਮ ਮਾਰਗ ’ਤੇ ਵਿਸ਼ੇਸ਼ ਸਫਾਈ ਮੁਹਿੰਮ ਚਲਾਈ ਗਈ। ਇਸ ਮੁਹਿੰਮ ਦੌਰਾਨ ਗੁਰਦੁਆਰਾ ਹਾਅ-ਦਾ-ਨਾਹਰਾ ਤੋਂ ਕੋਰਟ ਕੰਪਲੈਕਸ ਰੋਡ ਅਤੇ ਰੈਸਟ ਹਾਊਸ ਤੱਕ ਸੜਕਾਂ ਦੇ ਕਿਨਾਰਿਆਂ, ਜਨਤਕ ਥਾਵਾਂ ਅਤੇ ਆਲੇ-ਦੁਆਲੇ ਦੇ ਖੇਤਰ ਦੀ ਸਫਾਈ ਕਰਦਿਆਂ ਇਕੱਠੀ ਹੋਈ ਰਹਿੰਦ-ਖੂੰਹਦ ਨੂੰ ਹਟਾਇਆ ਗਿਆ। ਇਸ ਉਪਰਾਲੇ ਦਾ ਮਕਸਦ ਸਿਰਫ਼ ਸਫਾਈ ਕਰਨਾ ਹੀ ਨਹੀਂ, ਸਗੋਂ ਸ਼ਹਿਰ ਵਾਸੀਆਂ ਵਿੱਚ ‘ਸਾਫ਼ ਥਾਂ—ਸਾਂਝੀ ਜ਼ਿੰਮੇਵਾਰੀ’ ਦੀ ਸੋਚ ਨੂੰ ਮਜ਼ਬੂਤ ਕਰਨਾ ਵੀ ਹੈ।...






## ਸੰਗਰੂਰ-ਪਟਿਆਲਾ ਹਾਈਵੇ 'ਤੇ ਨਜਾਇਜ਼ ਕੱਟ ਦੀ ਰਿਪੋਰਟ



**Amandeep sharma।** ਸੰਗਰੂਰ-ਪਟਿਆਲਾ ਹਾਈਵੇ 'ਤੇ ਨਜਾਇਜ਼ ਤਰੀਕੇ ਨਾਲ ਕੱਟ ਬਣਾਈ ਗਈ ਹੈ, ਜਿਸ ਨੂੰ ਸਥਾਨਕ ਰਿਪੋਰਟਰਾਂ ਨੇ ਦਰਜ ਕੀਤਾ ਹੈ। ਇਹ ਕੱਟ ਬਿਨਾ ਕਿਸੇ ਅਧਿਕਾਰਿਕ ਮਨਜ਼ੂਰੀ ਦੇ ਕੀਤੀ ਗਈ ਹੈ, ਜੋ ਕਿ ਰਸਤੇ ਦੀ ਸੁਰੱਖਿਆ ਅਤੇ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਦੀ ਹੈ। ਅਧਿਕਾਰੀਆਂ ਨੇ ਇਸ ਤਰ੍ਹਾਂ ਦੀਆਂ ਗੈਰ-ਕਾਨੂੰਨੀ ਕਾਰਵਾਈਆਂ ਨੂੰ ਰੋਕਣ ਅਤੇ ਕੱਟ ਨੂੰ ਹਟਾਉਣ ਲਈ ਲੋੜੀਂਦੇ ਕਦਮ ਚੁੱਕਣ ਦੀ ਸੂਚਨਾ ਦਿੱਤੀ ਹੈ। ਇਸ ਘਟਨਾ ਨੇ ਰਸਤੇ ਦੀ ਸੁਰੱਖਿਆ ਬਾਰੇ ਚਿੰਤਾ ਵਧਾਈ ਹੈ ਅਤੇ ਲੋਕਾਂ ਨੂੰ ਅਜਿਹੀਆਂ ਗੈਰ-ਅਧਿਕਾਰਤ ਬਣਤਰਾਂ ਤੋਂ ਸਚੇਤ ਰਹਿਣ ਦੀ ਅਪੀਲ ਕੀਤੀ ਗਈ ਹੈ।

## □ “ਯੁੱਧ ਨਸ਼ਿਆਂ ਵਿਰੁੱਧ” — ਨਸ਼ਿਆਂ ਖ਼ਿਲਾਫ਼ ਸਰਚ ਅਭਿਆਨ ਜਾਰੀ



**Kimmy Arora।** □ “ਯੁੱਧ ਨਸ਼ਿਆਂ ਵਿਰੁੱਧ” — ਨਸ਼ਿਆਂ ਖ਼ਿਲਾਫ਼ ਸਰਚ ਅਭਿਆਨ ਜਾਰੀ ਮਾਲੇਰਕੋਟਲਾ ਪੁਲਿਸ ਵੱਲੋਂ ਨਸ਼ਿਆਂ ਅਤੇ ਮਾੜੇ ਅਨਸਰਾਂ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਤਹਿਤ ਥਾਣਾ ਸੰਦੌੜ੍ਹ ਦੇ ਸ਼ੱਕੀ ਇਲਾਕਿਆਂ ਵਿੱਚ ਵਿਸ਼ੇਸ਼ ਸਰਚ ਅਭਿਆਨ ਚਲਾਇਆ ਗਿਆ। ਇਸ ਦੌਰਾਨ ਪੁਲਿਸ ਟੀਮਾਂ ਵੱਲੋਂ ਸ਼ੱਕੀ ਥਾਵਾਂ ਦੀ ਬਾਰੀਕੀ ਨਾਲ ਤਲਾਸ਼ੀ ਅਤੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕੀਤੀ ਗਈ। ਅਭਿਆਨ ਦਾ ਮੁੱਖ ਉਦੇਸ਼ ਨਸ਼ਿਆਂ ਦੀ ਗੈਰ-ਕਾਨੂੰਨੀ ਗਤੀਵਿਧੀ ’ਤੇ ਪ੍ਰਭਾਵਸ਼ਾਲੀ ਢੰਗ ਨਾਲ ਨਕੇਲ ਕੱਸਣਾ ਅਤੇ ਇਲਾਕੇ ਵਿੱਚ ਅਮਨ-ਕਾਨੂੰਨ ਨੂੰ ਮਜ਼ਬੂਤ ਕਰਨਾ ਹੈ। ਮਾਲੇਰਕੋਟਲਾ ਪੁਲਿਸ ਵੱਲੋਂ ਨਸ਼ਿਆਂ ਖ਼ਿਲਾਫ਼ ਕਾਰਵਾਈ ਲਗਾਤਾਰ ਜਾਰੀ ਹੈ ਅਤੇ ਨਸ਼ਾ ਮੁਕਤ ਤੇ ਸੁਰੱਖਿਅਤ ਸਮਾਜ ਦੀ ਸਿਰਜਣਾ ਲਈ ਹਰ ਸੰਭਵ ਕਦਮ ਚੁੱਕਿਆ ਜਾ ਰਿਹਾ ਹੈ। ਨਸ਼ਿਆਂ ਨੂੰ ਨਾ — ਜ਼ਿੰਦਗੀ ਨੂੰ ਹਾਂ! #YudhNashianVirudh #MalerkotlaPolice

## ਢਾਹਾਂ ਵਿਖੇ ਵਿਸ਼ਾਲ ਕੁਸ਼ਤੀ ਦੰਗਲ, ਗੁਰਜੀਤ ਮਗਰੋੜ ਨੇ ਜਿੱਤੀ ਝੰਡੀ ਦੀ ਕੁਸ਼ਤੀ

**Sandeep Kumar Joshi।** ਨੂਰਪੁਰ ਬੇਦੀ ਦੇ ਪਿੰਡ ਢਾਹਾਂ ਵਿਖੇ ਗ੍ਰਾਮ ਪੰਚਾਇਤ ਅਤੇ ਛਿੰਝ ਕਮੇਟੀ ਵੱਲੋਂ ਕਰਵਾਇਆ ਗਿਆ ਵਿਸ਼ਾਲ ਕੁਸ਼ਤੀ ਦੰਗਲ ਬੜੀ ਸ਼ਾਨੋ-ਸ਼ੌਕਤ ਨਾਲ ਸੰਪੰਨ ਹੋਇਆ। ਇਸ ਦੌਰਾਨ ਪੰਜਾਬ ਦੇ ਵੱਖ-ਵੱਖ ਇਲਾਕਿਆਂ ਤੋਂ ਪਹੁੰਚੇ ਨਾਮੀ ਪਹਿਲਵਾਨਾਂ ਨੇ ਅਖਾੜੇ ਵਿੱਚ ਆਪਣੇ ਦਾਅ-ਪੇਚਾਂ ਅਤੇ ਕਲਾ ਦੇ ਜੌਹਰ ਦਿਖਾਉਂਦਿਆਂ ਖੇਡ ਪ੍ਰੇਮੀਆਂ ਦਾ ਮਨ ਮੋਹ ਲਿਆ। ਦੰਗਲ ਦੇਖਣ ਲਈ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਅਤੇ ਖੇਡ ਪ੍ਰੇਮੀ ਮੌਜੂਦ ਰਹੇ। ਦੰਗਲ ਦੀ ਸਭ ਤੋਂ ਵੱਧ ਚਰਚਿਤ ਝੰਡੀ ਦੀ ਕੁਸ਼ਤੀ ਪਹਿਲਵਾਨ ਗੁਰਜੀਤ ਮਗਰੋੜ ਅਤੇ ਸ਼ੁਭਮ ਰਾਈਏਵਾਲ ਦਰਮਿਆਨ ਹੋਈ। ਦੋਵਾਂ ਪਹਿਲਵਾਨਾਂ ਨੇ ਬੇਹੱਦ ਰੋਮਾਂਚਕ ਮੁਕਾਬਲਾ ਪੇਸ਼ ਕੀਤਾ, ਜਿਸ ਦੌਰਾਨ ਦਰਸ਼ਕਾਂ ਵੱਲੋਂ ਲਗਾਤਾਰ ਹੌਸਲਾ ਅਫਜ਼ਾਈ ਕੀਤੀ ਗਈ। ਅੰਤ ਵਿੱਚ ਗੁਰਜੀਤ ਮਗਰੋੜ ਜੇਤੂ ਰਹੇ ਅਤੇ ਉਨ੍ਹਾਂ ਨੂੰ 1 ਲੱਖ 10 ਹਜ਼ਾਰ ਰੁਪਏ ਦਾ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹਲਕਾ ਵ...

## ਬਟਾਲਾ ਵਿਆਹ ਪੁਰਬ ਮੇਲੇ ਚ ਔਰਤ ਦੀਆਂ ਵਾਲੀਆਂ ਚੋਰੀ ਹੋਈਆਂ




**Tarlok Singh।** ਬਟਾਲਾ ਚ ਚਲ ਰਹੇ ਮੇਲੇ ਬਾਬਾ ਨਾਨਕ ਦੇਵ ਜੀ ਦੇ ਵਿਆਹ ਪੁਰਬ ਮੌਕੇ ਇੱਕ ਔਰਤ ਦੀਆਂ ਵਾਲੀਆਂ ਚੁਰਾ ਕੇ ਕਿਸੇ ਚੋਰ ਦੇ ਫਰਾਰ ਹੋਣ ਦੀ ਖਬਰ ਤੇ ਵੀਡੀਓ ਸਾਹਮਣੇ ਆਈ ਹੈ। ਸੰਗਤ ਨੂੰ ਸਤਰਕ ਰਹਿਣ ਦੀ ਲੋੜ ਹੈ।ਆਪੋ ਆਪਣਾ ਖਿਆਲ ਰੱਖਿਆ ਜਾਵੇ ਜੀ।

## ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਮੌਕੇ ਸੁਲਤਾਨਪੁਰ ਲੋਧੀ ਤੋਂ ਸੱਜ ਕੇ ਬਟਾਲਾ ਰਵਾਨਾ ਹੋ ਰਹੇ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ ਗਿਆ

**Tarlok Singh।** ਆਮ ਆਦਮੀ ਪਾਰਟੀ ਦੇ ਵਿਧਾਇਕ ਅਤੇ ਸੂਬਾ ਕਾਰਜਕਾਰੀ ਪਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਗੁਰਦੁਆਰਾ ਸ੍ਰੀ ਬੇਰ ਸਾਹਿਬ, ਸੁਲਤਾਨਪੁਰ ਲੋਧੀ ਵਿੱਚ ਸਜਾਏ ਨਗਰ ਕੀਰਤਨ ਦਾ ਆਦੋਵਾਲੀ ਅੱਡੇ 'ਤੇ ਪਹੁੰਚਣ ਤੇ ਭਰਪੂਰ ਸਵਾਗਤ ਕੀਤਾ, ਆਮ ਆਦਮੀ ਦੇ ਸਰਦਾਰ ਬਲਵਿੰਦਰ ਸਿੰਘ ਲਾਡੀ ਅਤੇ ਹੋਰ ਸਾਥੀ ਵੀ ਹਾਜ਼ਰ ਸਨ। ਉਨ੍ਹਾਂ ਨੇ ਗੁਰੂ ਜੀ ਦਾ ਆਸ਼ੀਰਵਾਦ ਲਿਆ, ਜਦੋਂ ਕਿ ਉੱਘੇ ਲੀਡਰ ਬਲਵਿੰਦਰ ਸਿੰਘ ਲਾਡੀ ਵੀ ਸਵਾਗਤ ਮੌਕੇ ਹਾਜ਼ਰ ਸਨ। ਇਹ ਸਵਾਗਤੀ ਸਮਾਰੋਹ ਗੁਰਦਾਸਪੁਰ ਜ਼ਿਲ੍ਹੇ ਦੀ ਹੱਦ ਨੇੜੇ ਅੱਡਾ ਆਦੋਵਾਲੀ, ਬਟਾਲਾ ਵਿੱਚ ਹੋਇਆ, ਜਿਸ ਨੇ ਸਥਾਨਕ ਭਾਈਚਾਰੇ ਵਿੱਚ ਉਤਸ਼ਾਹ ਪੈਦਾ ਕੀਤਾ। ਪਾਰਟੀ ਨੇ ਇਸ ਮੌਕੇ 'ਤੇ ਭਾਈਚਾਰੇ ਦੀ ਏਕਤਾ ਅਤੇ ਆਤਮਿਕ ਉਤਸ਼ਾਹ ਨੂੰ ਉਭਾਰਿਆ, ਜਿਸ ਨਾਲ ਸਥਾਨਕ ਲੋਕਾਂ ਵਿੱਚ ਸਕਾਰਾਤਮਕ ਪ੍ਰਭਾਵ ਪੈਦਾ ਹੋਇਆ।

## ਧੰਨ ਧੰਨ ਮਾਤਾ ਸੁਲੱਖਣੀ ਜੀ ਗੇਟ ਦਾ ਬਟਾਲਾ ਵਿੱਚ ਸ਼ਾਨਦਾਰ ਉਦਘਾਟਨ



**Tarlok Singh।** ਬਟਾਲਾ, 17 ਸਤੰਬਰ 2023 – ਜਲੰਧਰ-ਬਟਾਲਾ ਬਾਈਪਾਸ 'ਤੇ ਧੰਨ ਧੰਨ ਮਾਤਾ ਸੁਲੱਖਣੀ ਜੀ ਗੇਟ ਦਾ ਬਟਾਲਾ ਵਾਸੀਆਂ ਦੀ ਮੌਜੂਦਗੀ ਵਿੱਚ ਆਤਿਸ਼ਬਾਜ਼ੀ ਦੀ ਰੋਸ਼ਨੀ 'ਚ ਸ਼ਾਨਦਾਰ ਉਦਘਾਟਨ ਕੀਤਾ ਗਿਆ। ਇਸ ਮੌਕੇ ਪਰਮਾਤਮਾ ਦਾ ਸ਼ੁਕਰਾਨਾ ਕਰਦਿਆਂ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਇਹ ਗੇਟ ਨਾ ਸਿਰਫ਼ ਇਲਾਕੇ ਦੀ ਸੁੰਦਰਤਾ ਵਿੱਚ ਵਾਧਾ ਕਰੇਗਾ, ਸਗੋਂ ਮਾਤਾ ਸੁਲੱਖਣੀ ਜੀ ਦੀਆਂ ਸਿੱਖਿਆਵਾਂ ਅਤੇ ਵਿਰਾਸਤ ਨਾਲ ਵੀ ਲੋਕਾਂ ਨੂੰ ਜੋੜੇ ਰੱਖੇਗਾ। ਉਨ੍ਹਾਂ ਨੇ ਕਿਹਾ ਕਿ ਬਟਾਲਾ ਸ਼ਹਿਰ ਵਿੱਚ ਵਿਕਾਸ ਕਾਰਜਾਂ ਦੀ ਲੜੀ ਜਾਰੀ ਹੈ ਅਤੇ ਲੋਕਾਂ ਦੀਆਂ ਜ਼ਰੂਰਤਾਂ ਅਨੁਸਾਰ ਹੋਰ ਵੀ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ। ਇਸ ਮੌਕੇ ਹਾਜ਼ਰ ਸੰਗਤਾਂ ਅਤੇ ਇਲਾਕਾ ਵਾਸੀਆਂ ਨੇ ਗੇਟ ਦੇ ਨਿਰਮਾਣ ਲਈ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕੀਤਾ। ਇਸ ਮੌਕੇ ਮੇਅਰ ਭੁਪਿੰਦਰ ਸਿੰਘ ਬਾਜਵਾ, ਚੇਅਰਮੈਨ ਯਸ਼ਪਾਲ ਚੌਹਾਨ,...




## ਹੋਸ਼ਿਆਰਪੁਰ ਕੋਰਟ ਨੇ ਹਰਵੀਰ ਦੀ ਹੱਤਿਆ ਕਰਦੇ ਪਰਵਾਸੀ ਨੂੰ ਫਾਂਸੀ ਦੀ ਸਜ਼ਾ ਦਿੱਤੀ




### ਹੋਸ਼ਿਆਰਪੁਰ ਕੋਰਟ ਨੇ ਅੱਜ ਹਰਵੀਰ ਦੀ ਹੱਤਿਆ ਕਰਦੇ ਪਰਵਾਸੀ ਨੂੰ ਮੌਤ ਦੀ ਸਜ਼ਾ ਦਿੱਤੀ।

**Amandeep Singh।** ਹੋਸ਼ਿਆਰਪੁਰ ਕੋਰਟ ਨੇ ਅੱਜ ਹਰਵੀਰ ਦੀ ਹੱਤਿਆ ਨਾਲ ਸੰਬੰਧਿਤ ਮਾਮਲੇ ਵਿੱਚ ਫੈਸਲਾ ਕੀਤਾ ਅਤੇ ਪਰਵਾਸੀ ਦੋਸ਼ੀ ਨੂੰ ਫਾਂਸੀ ਦੀ ਸਜ਼ਾ ਸੁਣਾਈ। ਇਸ ਫੈਸਲੇ ਨਾਲ ਮਾਮਲੇ ਦੀ ਕਾਨੂੰਨੀ ਕਾਰਵਾਈ ਵਿੱਚ ਇੱਕ ਮਹੱਤਵਪੂਰਨ ਮੋੜ ਆਇਆ ਹੈ। ਸਜ਼ਾ ਦੀ ਇਹ ਕੜੀ ਕਾਰਵਾਈ ਹਿੰਸਾ ਅਤੇ ਕਤਲ ਦੇ ਖਿਲਾਫ ਕਾਨੂੰਨ ਦੀ ਕੜੀ ਲਾਗੂ ਕਰਨ ਦੀ ਇਛਾ ਨੂੰ ਦਰਸਾਉਂਦੀ ਹੈ।

## ਰੋਪੜ ਵਿੱਚ 132 ਕੇਵੀ ਸਬ ਸਟੇਸ਼ਨ ਦੇ ਸਾਹਮਣੇ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਸਰਕਾਰ ਖਿਲਾਫ ਵੱਡਾ ਪ੍ਰਦਰਸ਼ਨ ਕੀਤਾ



**Sandeep Kumar Joshi।** 17 ਸਤੰਬਰ ਨੂੰ ਰੂਪਨਗਰ ਦੇ ਰੋਪੜ ਵਿੱਚ 132 ਕੇਵੀ ਸਬ ਸਟੇਸ਼ਨ ਦੇ ਸਾਹਮਣੇ ਸ਼੍ਰੋਮਣੀ ਅਕਾਲੀ ਦਲ ਦੀ ਹਲਕੀ ਜਥੇਬੰਦੀ ਵੱਲੋਂ ਵੱਡਾ ਧਰਨਾ ਦਿੱਤਾ ਗਿਆ। ਸੀਨੀਅਰ ਮੀਤ ਪ੍ਰਧਾਨ ਅਤੇ ਸਾਬਕਾ ਕੈਬਿਨਿਟ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਸੰਬੋਧਨ ਕਰਦਿਆਂ ਬਿਜਲੀ ਸੰਕਟ ਲਈ ਜ਼ਿੰਮੇਵਾਰੀ ਠਹਿਰਾਈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ 24 ਘੰਟੇ ਬਿਜਲੀ ਸਪਲਾਈ ਦਾ ਵਾਅਦਾ ਕੀਤਾ ਗਿਆ ਸੀ, ਪਰ ਅਸਲ ਵਿੱਚ 8/8 ਘੰਟਿਆਂ ਦੇ ਬਿਜਲੀ ਕੱਟ ਲਗਾ ਕੇ ਖਪਤਕਾਰਾਂ ਨੂੰ ਪੀੜਾ ਪਹੁੰਚਾਈ ਜਾ ਰਹੀ ਹੈ। ਪ੍ਰਦਰਸ਼ਨ ਵਿੱਚ ਅਕਾਲੀ ਆਗੂ ਪਰਮਜੀਤ ਸਿੰਘ ਮੱਕੜ, ਅਨੁਸੂਚਿਤ ਜਾਤੀ ਵਿੰਗ ਦੇ ਮੀਤ ਪ੍ਰਧਾਨ ਆਰ ਪੀ ਸਿੰਘ ਸ਼ੈਲੀ, ਯੂਥ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਰੁਪਿੰਦਰ ਸਿੰਘ ਲੱਖੇਵਾਲ, ਸੰਦੀਪ ਸਿੰਘ ਕਲੋਤਾ ਅਤੇ ਹੋਰ ਕਈ ਅਕਾਲੀ ਆਗੂ ਹਾਜ਼ਰ ਸਨ। ਚੀਮਾ ਨੇ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣ...

## ਸਰਦਾਰ ਅਰਵਿੰਦਰ ਸਿੰਘ ਲੱਠਾ ਦੀ 40ਵੀਂ ਵਿਆਹ ਵਰ੍ਹੇਗੰਢ ਘੁਮਾਣ ਵਿੱਚ ਮਨਾਈ ਗਈ




**Tarlok Singh।** ਅੱਜ ਘੁਮਾਣ ਕਸਬੇ ਵਿੱਚ ਉੱਚੇ ਸਮਾਜ ਸੇਵਕ ਸਰਦਾਰ ਅਰਵਿੰਦਰ ਸਿੰਘ ਲੱਠਾ ਦੀ 40ਵੀਂ ਸ਼ਾਦੀ ਸਾਲਗਿਰਹ ਘਰ ਵਿੱਚ ਮਨਾਈ ਗਈ। ਇਵੈਂਟ ਵਿੱਚ ਪਰਿਵਾਰ, ਦੋਸਤ ਅਤੇ ਸਬੰਧੀਆਂ ਨੇ ਸ਼ਾਮਲ ਹੋ ਕੇ ਖੁਸ਼ੀਆਂ ਮਨਾਈਆਂ। ਉਸ ਸਮਾਗਮ ਦੌਰਾਨ ਦੇਸ਼-ਪਰਦੇਸ਼ ਤੋਂ ਵਧਾਈ ਸੰਦੇਸ਼ ਅਤੇ ਸ਼ੁਭਕਾਮਨਾਵਾਂ ਪ੍ਰਾਪਤ ਹੋਈਆਂ, ਜਿਨ੍ਹਾਂ ਨੂੰ ਸਰਦਾਰ ਜੀ ਨੇ ਧੰਨਵਾਦ ਕੀਤਾ। ਸਾਰੇ ਸੱਜਣਾਂ, ਮਿੱਤਰਾਂ ਅਤੇ ਸਬੰਧੀਆਂ ਨੇ ਆਪਣੀਆਂ ਗਰਮਜੋਸ਼ੀ ਭਰੀਆਂ ਵਧਾਈਆਂ ਭੇਜੀਆਂ। ਸਰਦਾਰ ਅਰਵਿੰਦਰ ਸਿੰਘ ਨੇ ਸਾਡੇ ਪੱਤਰਕਾਰ ਤਰਲੋਕ ਸਿੰਘ ਕਲਸੀ ਦੀ ਮਾਰਫਤ ਸਭ ਨੂੰ ਆਪਣਾ ਧੰਨਵਾਦ ਪ੍ਰਗਟ ਕੀਤਾ ਅਤੇ ਪਰਮ ਪਿਤਾ ਪਰਮਾਤਮਾ ਦਾ ਅਨੰਤ ਧੰਨਵਾਦ ਕੀਤਾ। ਉਨ੍ਹਾਂ ਨੇ ਕਿਹਾ ਕਿ ਇਹ ਸਾਲਗਿਰਹ ਉਨ੍ਹਾਂ ਲਈ ਆਤਮਿਕ ਤੌਰ ‘ਤੇ ਮਹੱਤਵਪੂਰਨ ਹੈ ਅਤੇ ਉਨ੍ਹਾਂ ਦੀ ਸੇਵਾ ਜਾਰੀ ਰਹੇਗੀ।

## ਮੁਕਤਸਰ ਵਿੱਚ ਰਿਕਸ਼ਾ ਟੱਕਰ, ਸ਼ਹਿਰ ਵਿੱਚ ਹੰਗਾਮਾ



**Paras Sharma।** ਮੁਕਤਸਰ, ਪੰਜਾਬ – ਇੱਕ ਰਿਕਸ਼ਾ ਨੇ ਸ਼ਹਿਰ ਦੇ ਇੱਕ ਹਿੱਸੇ ਵਿੱਚ ਟੱਕਰ ਮਾਰੀ, ਜਿਸ ਨਾਲ ਸਥਾਨਕ ਟਰੈਫਿਕ ਵਿੱਚ ਉਲਝਣ ਪੈਦਾ ਹੋਈ। ਟੱਕਰ ਦੀ ਥਾਂ ਤੇ ਤੁਰੰਤ ਪੁਲਿਸ ਅਤੇ ਐਮਰਜੈਂਸੀ ਟੀਮਾਂ ਪਹੁੰਚੀਆਂ, ਪਰ ਮਾਮਲੇ ਬਾਰੇ ਵਿਸਥਾਰਪੂਰਨ ਜਾਣਕਾਰੀ ਹਾਲੇ ਤੱਕ ਉਪਲਬਧ ਨਹੀਂ। ਪੁਲਿਸ ਨੇ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਸ਼ਹਿਰ ਦੇ ਨਾਗਰਿਕਾਂ ਨੂੰ ਸੁਰੱਖਿਅਤ ਰਹਿਣ ਦੀ ਅਪੀਲ ਕੀਤੀ ਹੈ। ਟ੍ਰੈਫਿਕ ਨੂੰ ਅਸਥਾਈ ਤੌਰ 'ਤੇ ਮੁੜ-ਵਿਧਾਨ ਕੀਤਾ ਗਿਆ, ਤਾਂ ਜੋ ਆਉਣ ਵਾਲੀ ਗੱਡੀਆਂ ਦੀ ਚਾਲ ਨੂੰ ਸੁਗਮ ਬਣਾਇਆ ਜਾ ਸਕੇ। ਅਧਿਕਾਰੀਆਂ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਤੋਂ ਬਚਣ ਲਈ ਰਿਕਸ਼ਾ ਚਾਲਕਾਂ ਨੂੰ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਨ ਦੀ ਲੋੜ ਹੈ।

## ਬਾਈਕ ਦੀ ਟੱਕਰ ਨਾਲ ਸਾਈਕਲ ਚਾਲਕ ਦੀ ਸਮਾਨ ਖਰਾਬ, ਗਰੀਬ ਦੀ ਜ਼ਿੰਦਗੀ ਪ੍ਰਭਾਵਿਤ

**Amandeep Singh।** ਪਿਛਲੇ ਦਿਨ ਇੱਕ ਸਾਈਕਲ ਚਾਲਕ ਆਪਣੀ ਦਿਸ਼ਾ ਵਿੱਚ ਜਾ ਰਿਹਾ ਸੀ, ਜਦੋਂ ਪਿੱਛੋਂ ਆਉਂਦੀ ਬਾਈਕ ਨੇ ਉਸ ਨਾਲ ਟੱਕਰ ਕਰ ਲਈ। ਟੱਕਰ ਦੇ ਕਾਰਨ ਸਾਈਕਲ ਚਾਲਕ ਦੀ ਸਾਰੀ ਮਿਹਨਤ ਅਤੇ ਸਮਾਨ ਖਰਾਬ ਹੋ ਗਿਆ। ਸਾਈਕਲ ਚਾਲਕ ਗਰੀਬ ਵਰਗ ਨਾਲ ਸੰਬੰਧਤ ਸੀ, ਜਿਸਦੇ ਸਮਾਨ ਦੀ ਹਾਨੀ ਨੇ ਉਸਦੀ ਦਿਨ-ਪ੍ਰਤੀ-ਦਿਨ ਦੀ ਜੀਵਨ-ਯਾਪਨ 'ਤੇ ਗੰਭੀਰ ਪ੍ਰਭਾਵ ਪਾਇਆ। ਟੱਕਰ ਕਾਰਨ ਉਸਦੇ ਵਪਾਰਕ ਸਮਾਨ ਡਿੱਗ ਗਏ ਅਤੇ ਕਈ ਵਸਤੂਆਂ ਨੂੰ ਨੁਕਸਾਨ ਹੋਇਆ। ਇਸ ਘਟਨਾ ਨੇ ਸੜਕਾਂ 'ਤੇ ਸੁਰੱਖਿਆ ਦੀ ਲੋੜ ਨੂੰ ਦੁਬਾਰਾ ਉਜਾਗਰ ਕੀਤਾ ਹੈ, ਕਿਉਂਕਿ ਛੋਟੀਆਂ ਟੱਕਰਾਂ ਵੀ ਗਰੀਬ ਵਰਗ ਦੇ ਲੋਕਾਂ ਦੀ ਜੀਵਨ-ਪਰੀਸਥਿਤੀ 'ਤੇ ਵੱਡਾ ਅਸਰ ਪਾ ਸਕਦੀਆਂ ਹਨ।

## ਧਮਾਣਾ ਵਿੱਚ ਗੋਲੂ ਮਾਜਰਾ, ਨੋਧੇ ਮਾਜਰਾ ਦੀ ਸਾਂਝੀ ਛਿੰਝ ਮੇਲੇ ਵਿੱਚ ਸਾਹਿਲ ਕੁਹਾਲੀ ਨੇ ਅਰੁਣਾਇਕ ਨੂੰ ਹਰਾ ਕੇ ਜਿੱਤ ਹਾਸਲ ਕੀਤੀ

**Sandeep Kumar Joshi।** 17 ਸਤੰਬਰ ਨੂੰ ਧਮਾਣਾ ਵਿੱਚ ਗੋਲੂ ਮਾਜਰਾ ਅਤੇ ਨੋਧੇ ਮਾਜਰਾ ਦੀ ਸਾਂਝੀ ਉਪਰਾਲੇ ਨਾਲ ਛਿੰਝ ਮੇਲਾ ਆਯੋਜਿਤ ਕੀਤਾ ਗਿਆ। ਪੇਂਡੂ ਖੇਡਾਂ ਦੀ ਰਵਾਇਤੀ ਕੁਸ਼ਤੀ ਵਿੱਚ ਵੱਖ-ਵੱਖ ਇਲਾਕਿਆਂ ਤੋਂ ਨਾਮਵਰ ਪਹਿਲਵਾਨਾਂ ਨੇ ਹਿੱਸਾ ਲਿਆ। ਮੇਲੇ ਦੀ ਮੁੱਖ ਝੰਡੀ ਦੀ ਕੁਸ਼ਤੀ ਵਿੱਚ ਸਾਹਿਲ ਕੁਹਾਲੀ ਨੇ ਅਰੁਣਾਇਕ ਨੂੰ ਹਰਾਇਆ। ਦੋਵਾਂ ਪਹਿਲਵਾਨਾਂ ਨੇ ਤਾਕਤ ਨਾਲ ਮੁਕਾਬਲਾ ਕੀਤਾ, ਪਰ ਸਾਹਿਲ ਕੁਹਾਲੀ ਨੇ ਆਪਣੀਆਂ ਦਾਅ-ਪੇਚਾਂ ਨਾਲ ਜਿੱਤ ਹਾਸਲ ਕੀਤੀ। ਜੇਤੂ ਨੂੰ ਪ੍ਰਬੰਧਕਾਂ ਵੱਲੋਂ ਜੀਪ ਇਨਾਮ ਅਤੇ ਹੋਰ ਆਕਰਸ਼ਕ ਇਨਾਮ ਦਿੱਤੇ ਗਏ। ਹਲਕਾ ਰੂਪਨਗਰ ਦੇ ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਉਨ੍ਹਾਂ ਨੇ ਪਹਿਲਵਾਨਾਂ ਦੀ ਹੌਸਲਾ-ਅਫ਼ਜ਼ਾਈ ਕੀਤੀ ਅਤੇ ਮੇਲੇ ਦੇ ਪ੍ਰਬੰਧਕਾਂ ਨੂੰ ਵਧਾਈ ਦਿੱਤੀ। ਚੱਢਾ ਨੇ ਕਿਹਾ ਕਿ ਪੰਜਾਬ ਦੀ ਮਿੱਟੀ ਨਾਲ ਜੁੜੀ ਕੁਸ਼ਤੀ ਸਾਡੀ ਅਮੀਰ ਵਿਰਾਸਤ ਦਾ ਹਿੱਸਾ ਹੈ। ਉਨ੍ਹਾਂ ਨੇ...